# HPV ਅਤੇ HPV ਟੀਕਾਕਰਣ: ਹਰ ਮਾਤਾ-ਪਿਤਾ ਨੂੰ ਕੀ ਪਤਾ ਹੋਣਾ ਚਾਹੀਦਾ ਹੈ

## HPV ਕੀ ਹੈ?

ਮਨੁੱਖੀ ਪੈਪੀਲੋਮਾਵਾਇਰਸ (HPV) ਇੱਕ ਬਹੁਤ ਹੀ ਆਮ ਵਾਇਰਸ ਹੈ ਜਿਹੜੀ ਕਿ 10 ਵਿੱਚੋਂ 8 ਲੋਕਾਂ ਨੂੰ ਉਨ੍ਹਾਂ ਦੇ ਜੀਵਨ-ਕਾਲ ਵਿੱਚ ਕਿਸੇ ਸਮੇਂ ਹੋ ਸਕਦੀ ਹੈ। ਕੁਝ HPV ਸੰਕਰਮਣ ਕਾਰਨ ਜੀਵਨ ਵਿੱਚ ਅੱਗੇ ਜਾ ਕੇ ਕੈਂਸਰ ਹੋ ਸਕਦਾ ਹੈ।



**HPV ਕਾਰਣ ਯੂ.ਐਸ. ਵਿੱਚ ਹਰ ਸਾਲ ਮਰਦ ਅਤੇ ਔਰਤਾਂ ਵਿੱਚ ਕੈਂਸਰ ਦੇ ਲਗਭਗ 37,000 ਕੇਸ ਹੋਣ ਦਾ ਅਨੁਮਾਨ ਕੀਤਾ ਗਿਆ ਹੈ - ਜੋ ਇੱਕ ਮੇਜਰ ਲੀਗ ਬੇਸਬਾਲ ਗੇਮ ਦੇ ਔਸਤ ਹਾਜ਼ਰ ਦਰਸ਼ਕਾਂ ਦੀ ਗਿਣਤੀ ਦੇ ਬਰਾਬਰ ਹੈ!**

ਕਾਰਨ ਹੋਣ ਵਾਲੇ ਕੈਂਸਰਾਂ ਵਿੱਚੋਂ, ਸਿਰਫ਼ ਸਰਵਾਈਕਲ ਕੈਂਸਰ ਦੀ ਪੈਪ ਟੈਸਟ ਨਾਲ ਜਲਦੀ ਪਤਾ ਲਗਾਇਆ ਜਾ ਸਕਦਾ ਹੈ। HPV ਕਾਰਨ ਹੋਣ ਵਾਲੇ ਹੋਰ ਕੈਂਸਰਾਂ (ਗਲੇ, ਜਣਨ-ਅੰਗਾਂ, ਜਾਂ ਗੁਦਾ ਦੇ ਕੈਂਸਰ) ਦਾ ਉਦੋਂ ਤੱਕ ਪਤਾ ਨਹੀਂ ਲਗਾਇਆ ਜਾ ਸਕਦਾ ਹੈ ਜਦੋਂ ਤੱਕ ਉਹ ਵਧੇਰੇ ਗੰਭੀਰ ਨਹੀਂ ਹੋ ਜਾਂਦੇ। HPV ਟੀਕਾਕਰਣ ਉਨ੍ਹਾਂ ਲਾਗਾਂ ਨੂੰ ਰੋਕਦਾ ਹੈ ਜੋ ਇਨ੍ਹਾਂ ਕੈਂਸਰਾਂ ਦਾ ਕਾਰਨx ਬਣਦੇ ਹਨ।

## ਮੈਂ ਆਪਣੇ ਬੱਚੇ ਨੂੰ HPV ਤੋਂ ਕਿਵੇਂ ਬਚਾ ਸਕਦਾ/ਦੀ ਹਾਂ?

HPV ਟੀਕਾਕਰਣ HPV ਕਾਰਨ ਹੋਣ ਵਾਲੇ 90% ਤੋਂ ਵੱਧ ਕੈਂਸਰਾਂ ਨੂੰ ਰੋਕ ਸਕਦਾ ਹੈ। HPV ਟੀਕੇ ਬਹੁਤ ਸੁਰੱਖਿਅਤ ਹਨ, ਅਤੇ ਵਿਗਿਆਨਕ ਖੋਜ ਦਰਸਾਉਂਦੀ ਹੈ ਕਿ HPV ਟੀਕਾਕਰਨ ਦੇ ਲਾਭ, ਸੰਭਾਵੀ ਜੋਖਮਾਂ ਤੋਂ ਕਿਤੇ ਵੱਧ ਹਨ। ਸਨ 2006 ਤੋਂ ਯੂ.ਐਸ. ਵਿੱਚ 135 ਮਿਲੀਅਨ ਤੋਂ ਵੱਧ ਖੁਰਾਕਾਂ ਦਿੱਤੀਆਂ ਜਾਣ ਤੋਂ ਬਾਅਦ, HPV ਟੀਕਿਆਂ ਦਾ ਇੱਕ ਲੰਮਾ ਸੁਰੱਖਿਆ ਰਿਕਾਰਡ ਹੈ ਜੋ 15 ਸਾਲਾਂ ਤੋਂ ਵੱਧ ਨਿਗਰਾਨੀ ਦੁਆਰਾ ਸਮਰਥਿਤ ਹੈ। ਆਮ ਮਾੜੇ ਪ੍ਰਭਾਵ ਹਲਕੇ ਹੁੰਦੇ ਹਨ ਅਤੇ ਇੱਕ ਜਾਂ ਦੋ ਦਿਨਾਂ ਦੇ ਅੰਦਰ ਠੀਕ ਹੋ ਜਾਂਦੇ ਹਨ। ਦੂਜੇ ਟੀਕਿਆਂ ਵਾਂਗ, ਇਨ੍ਹਾਂ ਵਿੱਚ ਟੀਕੇ ਦੀ ਥਾਂ 'ਤੇ ਦਰਦ, ਲਾਲੀ, ਜਾਂ ਸੋਜ ਸ਼ਾਮਲ ਹਨ।



**ਕਿਸ਼ੋਰ ਕੁੜੀਆਂ ਵਿੱਚ HPV (ਐਚਪੀਵੀ) ਸੰਕਰਮਣ ਵਿੱਚ**

**88%**

**ਕਟੌਤੀ**

**HPV ਟੀਕਾਕਰਨ <u>ਬਹੁਤ ਵਧੀਆ</u> ਢੰਗ ਨਾਲ ਕੰਮ ਕਰਦਾ ਹੈ। HPV ਟੀਕਾਕਰਨ ਦੀ 2006 ਵਿੱਚ ਪਹਿਲੀ ਵਾਰ ਸਿਫ਼ਾਰਸ਼ ਕੀਤੇ ਜਾਣ ਤੋਂ ਬਾਅਦ, ਅਜਿਹੀ HPV ਕਿਸਮਾਂ ਜਿਨ੍ਹਾਂ ਕਾਰਨ ਜ਼ਿਆਦਾਤਰ HPV ਕੈਂਸਰ ਹੁੰਦੇ ਹਨ, ਉਨ੍ਹਾਂ ਦੇ ਸੰਕਰਮਣ ਕਿਸ਼ੋਰ ਕੁੜੀਆਂ ਵਿੱਚ 88% ਅਤੇ ਜਵਾਨ ਬਾਲਗ ਔਰਤਾਂ ਵਿੱਚ 81% ਘੱਟ ਗਏ ਹਨ।**

# HPV ਅਤੇ HPV ਟੀਕਾਕਰਣ: ਹਰ ਮਾਤਾ-ਪਿਤਾ ਨੂੰ ਕੀ ਪਤਾ ਹੋਣਾ ਚਾਹੀਦਾ ਹੈ

ਸੰਘੀ ਟੀਕਾਕਰਨ ਅਭਿਆਸਾਂ 'ਤੇ ਸਲਾਹਕਾਰ ਕਮੇਟੀ (Advisory Committee on Immunization Practices), ਅਮਰੀਕਨ ਅਕੈਡਮੀ ਆਫ ਪੀਡੀਐਟ੍ਰਿਕਸ (American Academy of Pediatrics), ਅਤੇ ਅਮਰੀਕਨ ਅਕੈਡਮੀ ਆਫ ਫੈਮਲੀ ਫਿਜ਼ੀਸ਼ੀਅਨਜ਼ (American Academy of Family Physicians), HPV ਵਿਰੁੱਧ ਟੀਕਾਕਰਨ ਦੀ ਸਿਫ਼ਾਰਸ਼ ਕਰਦੇ ਹਨ। ਅਮਰੀਕਨ ਕੈਂਸਰ ਸੁਸਾਇਟੀ (American Cancer Society) ਅਤੇ ਕੈਲੀਫੋਰਨੀਆ ਦੇ ਕੈਂਸਰ ਰੋਕਥਾਮ ਐਕਟ (California's Cancer Prevention Act) ਦੁਆਰਾ ਵੀ ਇਸ ਦੀ ਸਿਫ਼ਾਰਸ਼ ਕੀਤੀ ਗਈ ਹੈ।

## ਇਹ ਟੀਕਾ ਕਿਨ੍ਹਾਂ ਨੂੰ ਲਗਵਾਉਣਾ ਅਤੇ ਉਨ੍ਹਾਂ ਨੂੰ ਕਦੋਂ ਲਗਵਾਉਣਾ ਚਾਹੀਦਾ ਹੈ?



**ਕਿਉਂਕਿ ਇਹ ਟੀਕਾ ਛੋਟੀ ਉਮਰ ਵਿੱਚ ਦਿੱਤੇ ਜਾਣ 'ਤੇ ਵਧੇਰੇ ਪ੍ਰਭਾਵਸ਼ਾਲੀ ਹੁੰਦਾ ਹੈ, ਇਸ ਲਈ 9 ਤੋਂ 12 ਸਾਲ ਦੀ ਉਮਰ ਦੇ ਸਾਰੇ ਬੱਚਿਆਂ ਨੂੰ HPV ਟੀਕੇ ਦੀਆਂ ਦੋ ਖ਼ੁਰਾਕਾਂ ਦੇਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ, ਅਤੇ ਦੂਜੀ ਖ਼ੁਰਾਕ 8ਵੀਂ ਗਰੇਡ ਦੀ ਸ਼ੁਰੂਆਤ ਤੋਂ ਪਹਿਲਾਂ ਦਿੱਤੀ ਜਾਣੀ ਚਾਹੀਦੀ ਹੈ।**

(ਜਿਹੜੇ ਬੱਚੇ HPV ਟੀਕੇ ਦੀ ਆਪਣੀ ਪਹਿਲੀ ਖ਼ੁਰਾਕ ਇਸਤੋਂ ਬਾਅਦ ਲੈਣ ਲਈ ਉਡੀਕ ਕਰਦੇ ਹਨ ਉਨ੍ਹਾਂ ਨੂੰ ਤਿੰਨ ਖ਼ੁਰਾਕਾਂ ਦੀ ਲੋੜ ਹੋ ਸਕਦੀ ਹੈ।) HPV ਦਾ ਟੀਕਾ ਅਕਸਰ ਕਿਸ਼ੋਰਾਂ ਦੇ ਦੂਜੇ ਟੀਕਿਆਂ ਸਮੇਂ ਦਿੱਤਾ ਜਾਂਦਾ ਹੈ, ਜਿਵੇਂ ਕਿ ਕਾਲੀ ਖੰਘ ਨੂੰ ਰੋਕਣ ਲਈ Tdap ਅਤੇ ਬੈਕਟੀਰੀਆ ਮੈਨਿਨਜਾਈਟਿਸ ਨੂੰ ਰੋਕਣ ਲਈ ਮੈਨਿਨਜੋਕੋਕਲ ਵੈਕਸੀਨ।

## ਮੈਂ ਆਪਣੇ ਬੱਚੇ ਲਈ HPV ਦਾ ਤੀਕਾ ਕਿੱਥੋਂ ਕਰਵਾ ਸਕਦਾ/ਸਕਦੀ ਹਾਂ?

HPV ਟੀਕੇ ਬਾਰੇ, ਅਤੇ ਇਹ ਕਿੱਥੇ ਪ੍ਰਾਪਤ ਕੀਤਾ ਜਾਂ ਸਕਦਾ ਹੈ ਬਾਰੇ, ਵਧੇਰੇ ਜਾਣਨ ਲਈ ਆਪਣੇ ਸਿਹਤ ਸੰਭਾਲ ਪ੍ਰਦਾਤਾ, ਫਾਰਮਾਸਿਸਟ, ਜਾਂ ਸਥਾਨਕ ਸਿਹਤ ਵਿਭਾਗ ਨੂੰ ਪੁੱਛੋ। ਇਹ ਟੀਕਾ ਜ਼ਿਆਦਾਤਰ ਸਿਹਤ ਬੀਮਾ ਯੋਜਨਾਵਾਂ ਦੁਆਰਾ ਕਵਰ ਹੁੰਦਾ ਹੈ। ਜੇਕਰ ਤੁਹਾਡੇ ਕੋਲ ਸਿਹਤ ਬੀਮਾ ਨਹੀਂ ਹੈ, ਤਾਂ ਤੁਹਾਡਾ ਬੱਚਾ ਅਜੇ ਵੀ ਟੀਕਾਕਰਨ ਕਰਵਾ ਸਕਦਾ ਹੈ। ਬੱਚਿਆਂ ਲਈ ਟੀਕੇ (Vaccines for Children - VFC) ਪ੍ਰੋਗਰਾਮ 18 ਸਾਲ ਦੀ ਉਮਰ ਤੱਕ ਦੇ ਬੱਚਿਆਂ ਨੂੰ ਬਿਨਾਂ ਬੀਮੇ ਦੇ ਜਾਂ ਜਿਨ੍ਹਾਂ ਦਾ ਬੀਮਾ ਟੀਕਿਆਂ ਦੀ ਲਾਗਤ ਨੂੰ ਕਵਰ ਨਹੀਂ ਕਰਦਾ ਹੈ, ਨੂੰ ਮੁਫਤ ਟੀਕੇ ਪ੍ਰਦਾਨ ਕਰਦਾ ਹੈ।

VFC ਬਾਰੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਜਾਂ ਸਥਾਨਕ ਸਿਹਤ ਵਿਭਾਗ ਨੂੰ ਪੁੱਛੋ। ਆਪਣੇ ਖੇਤਰ ਵਿੱਚ VFC ਵਿੱਚ ਭਾਗ ਲੈਣ ਵਾਲੇ ਡਾਕਟਰਾਂ ਨੂੰ ਦੇਖੋ।

HPV, ਵੈਕਸੀਨ, ਅਤੇ ਕੈਂਸਰ ਰੋਕਥਾਮ ਬਾਰੇ ਵਧੇਰੇ ਜਾਣਕਾਰੀ ਲਈ, ਰੋਗ ਨਿਯੰਤ੍ਰਣ ਅਤੇ ਰੋਕਥਾਮ ਕੇਂਦਰਾਂ (Centers for Disease Control and Prevention) 'ਤੇ ਜਾਓ।